## ਰਾਜ਼ਦਾਰੀ ਦੇ ਕਾਨੂੰਨੀ ਵਿਹਾਰਾਂ ਬਾਰੇ ਨੋਟਿਸ

**UNIVERSITY OF CALIFORNIA DAVIS HEALTH**

**ਇਹ ਨੋਟਿਸ ਦੱਸਦਾ ਹੈ ਕਿ ਤੁਹਾਡੀ ਮੈਡੀਕਲ ਜਾਣਕਾਰੀ ਦੀ ਵਰਤੋਂ ਅਤੇ ਖ਼ੁਲਾਸਾ ਕਿਵੇਂ ਕੀਤਾ ਜਾ ਸਕਦਾ ਹੈ ਅਤੇ ਤੁਸੀਂ ਇਸ ਜਾਣਕਾਰੀ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ।**

**ਕਿਰਪਾ ਕਰਕੇ ਧਿਆਨ ਨਾਲ ਇਸਦਾ ਜਾਇਜ਼ਾ ਲਓ**

### UC DAVIS HEALTH

UC Davis Health ਕੈਲੀਫ਼ੋਰਨੀਆ ਯੂਨੀਵਰਸਿਟੀ ਦੇ ਸਿਹਤ-ਸੰਭਾਲ ਹਿੱਸਿਆਂ ਵਿੱਚੋਂ ਇੱਕ ਹੈ। ਕੈਲੀਫ਼ੋਰਨੀਆ ਯੂਨੀਵਰਸਿਟੀ ਦੇ ਸਿਹਤ-ਸੰਭਾਲ ਹਿੱਸਿਆਂ ਵਿੱਚ UC ਮੈਡੀਕਲ ਸੈਂਟਰ, UC ਮੈਡੀਕਲ ਗਰੁਪ, ਕਲਿਨਿਕ ਅਤੇ ਡਾੱਕਟਰਾਂ ਦੇ ਦਫ਼ਤਰ, ਦਵਾਈਆਂ ਬਾਰੇ UC ਸਕੂਲਸ ਆੱਫ਼ ਮੈਡੀਸਿਨ ਅਤੇ ਹੋਰ UC ਸਿਹਤ ਪੇਸ਼ੇਵਰ ਸਕੂਲ ਸ਼ਾਮਲ ਹਨ। ਸੂਚੀ ਵਿੱਚ ਦਿੱਤੀਆਂ ਗਈਆਂ ਸਾਰੀਆਂ ਥਾਵਾਂ 'ਤੇ ਸਿਹਤ-ਸੰਭਾਲ ਦੇ ਪ੍ਰਬੰਧ ਦੀ ਹਿਮਾਇਤ ਕਰਨ ਵਾਲੀ ਪ੍ਰਸ਼ਾਸਨੀ ਅਤੇ ਅਮਲ ਸਬੰਧੀ ਯੂਨਿਟਾਂ ਕੈਲੀਫ਼ੋਰਨੀਆ ਯੂਨੀਵਰਸਿਟੀ ਦੇ ਸਿਹਤ-ਸੰਭਾਲ ਦੇ ਵੀ ਹਿੱਸੇ ਹਨ।

### ਤੁਹਾਡੀ ਸਿਹਤ ਜਾਣਕਾਰੀ ਬਾਰੇ ਸਾਡਾ ਵਾਅਦਾ

UC Davis Health ਤੁਹਾਡੀ ਮੈਡੀਕਲ ਅਤੇ ਸਿਹਤ-ਜਾਣਕਾਰੀ ਦੀ ਰਾਜ਼ਦਾਰੀ ਦੀ ਰਾਖੀ ਕਰਨ ਲਈ ਵਚਨਬੱਧ ਹੈ। ਕਾਨੂੰਨ ਅਨੁਸਾਰ, ਸਾਡੇ ਲਈ ਤੁਹਾਡੀ ਸਿਹਤ-ਜਾਣਕਾਰੀ ਦੀ ਰਾਜ਼ਦਾਰੀ ਬਣਾਈ ਰੱਖਣਾ ਜ਼ਰੂਰੀ ਹੈ। ਅਸੀਂ, ਇਸ ਨੋਟਿਸ ("Notice") ਵਿੱਚ ਦੱਸੇ ਗਏ ਕਾਨੂੰਨੀ ਫ਼ਰਜ਼ਾਂ ਅਤੇ ਰਾਜ਼ਦਾਰੀ ਦੇ ਕਾਨੂੰਨੀ ਵਿਹਾਰਾਂ ਦੀ ਪਾਲਣਾ ਕਰਾਂਗੇ।

### ਤੁਹਾਡੀ ਸਿਹਤ-ਜਾਣਕਾਰੀ ਬਾਰੇ ਤੁਹਾਡੇ ਹੱਕ

**ਅਸੀਂ ਤੁਹਾਡੇ ਬਾਰੇ ਜਿਹੜੀ ਸਿਹਤ-ਜਾਣਕਾਰੀ ਦਾ ਪ੍ਰਬੰਧ ਕਰਦੇ ਹਾਂ, ਉਸ ਬਾਰੇ ਤੁਹਾਡੇ ਹੇਠਾਂ ਦਿੱਤੇ ਹੱਕ ਹਨ:**

**ਦਸਤਾਵੇਜ਼ ਵੇਖਣ ਅਤੇ ਕਾਪੀ ਲੈਣ ਦਾ ਹੱਕ।** ਕੁਝ ਛੋਟਾਂ ਨਾਲ, ਤੁਹਾਨੂੰ ਆਪਣੀ ਸਿਹਤ-ਜਾਣਕਾਰੀ ਵੇਖਣ ਅਤੇ ਇੱਕ ਕਾਪੀ ਲੈਣ ਦਾ ਹੱਕ ਹੈ। ਜੇ ਸਾਡੇ ਕੋਲ ਇਹ ਜਾਣਕਾਰੀ ਇਲੈਕਟ੍ਰੌਨਿਕ ਫ਼ਾਰਮੈਟ ਵਿੱਚ ਹੈ, ਜੇ ਸੰਭਵ ਹੈ, ਤਾਂ ਤੁਹਾਨੂੰ ਇਲੈਕਟ੍ਰੌਨਿਕ ਫ਼ਾਰਮੈਟ ਵਿੱਚ ਆਪਣੀ ਸਿਹਤ-ਜਾਣਕਾਰੀ ਲੈਣ ਦਾ ਹੱਕ ਹੈ। ਜੇ ਨਹੀਂ, ਤਾਂ ਇਹ ਜਾਣਕਾਰੀ ਇਲੈਕਟ੍ਰੌਨਿਕ ਤੌਰ 'ਤੇ ਜਾਂ ਦਸਤਾਵੇਜ਼ੀ ਕਾਪੀ ਵਜੋਂ ਪ੍ਰਾਪਤ ਕਰਨ ਲਈ, ਅਸੀਂ ਤੁਹਾਡੇ ਲਈ ਤਰੀਕਾ ਲੱਭਣ ਵਾਸਤੇ ਤੁਹਾਡੇ ਨਾਲ ਕੰਮ ਕਰਾਂਗੇ।

ਤੁਹਾਡੀ ਬੇਨਤੀ ਲਿਖਤੀ ਰੂਪ ਵਿੱਚ ਹੀ ਹੋਣੀ ਚਾਹੀਦੀ ਹੈ ਅਤੇ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ ਜਮ੍ਹਾਂ (ਸਬਮਿਟ) ਕੀਤੀ ਜਾਣੀ ਚਾਹੀਦੀ ਹੈ:

| | |
|---|---|
| ਈ-ਮੇਲ: | hs-roi@ucdavis.edu |
| ਫ਼ੈਕਸ: | (916) 734-2126 |
| ਪੋਸਟ ਆਫਿਸ ਮੇਲ: | ਸਿਹਤ ਜਾਣਕਾਰੀ ਪ੍ਰਬੰਧਨ<br>2315 Stockton Blvd.<br>Sacramento, CA 95817 |

ਇਹ ਬੇਨਤੀ ਕਰਨ ਲਈ ਫ਼ਾਰਮ UC Davis Health ਵਿਖੇ ਉਪਲਬਧ ਹੈ ਅਤੇ ਇਸ ਵੈਬਸਾਈਟ: https://health.ucdavis.edu/him 'ਤੇ

ਔਨਲਾਈਨ ਮਿਲ ਸਕਦਾ ਹੈ।

ਜੇ ਤੁਸੀਂ ਜਾਣਕਾਰੀ ਦੀ ਕਾਪੀ ਲਈ ਬੇਨਤੀ ਕਰਦੇ ਹੋ, ਤਾਂ ਇਹਨਾਂ ਸੇਵਾਵਾਂ ਲਈ ਢੁਕਵੀਂ, ਲਾਗਤ-ਅਧਾਰਿਤ ਫ਼ੀਸ ਹੋ ਸਕਦੀ ਹੈ। ਤੁਸੀਂ ਇਹ ਬੇਨਤੀ ਵੀ ਕਰ ਸਕਦੇ ਹੋ ਕਿ ਤੁਹਾਡੀ ਸਿਹਤ-ਜਾਣਕਾਰੀ ਦੀ ਕਾਪੀ, ਤੁਹਾਡੇ ਵਲੋਂ ਚੁਣੀ ਗਈ ਤੀਜੀ ਧਿਰ ਨੂੰ ਜਾਰੀ ਕੀਤੀ ਜਾਏ।

**ਦਰੁਸਤ ਕਰਨ ਲਈ ਕਹਿਣ ਦਾ ਹੱਕ।** ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸਿਹਤ-ਜਾਣਕਾਰੀ ਗ਼ਲਤ ਜਾਂ ਅਧੂਰੀ ਹੈ, ਤਾਂ ਤੁਸੀਂ ਆਪਣਾ ਰਿਕਾਰਡ ਮੁਕੰਮਲ ਕਰਨ ਲਈ ਇਸ ਵਿੱਚ ਤਬਦੀਲੀ ਕਰਨ ਜਾਂ ਹੋਰ ਜਾਣਕਾਰੀ ਸ਼ਾਮਲ ਕਰਨ ਲਈ ਸਾਨੂੰ ਕਹਿ ਸਕਦੇ ਹੋ।

ਤੁਹਾਡੀ ਬੇਨਤੀ ਲਿਖਤੀ ਰੂਪ ਵਿੱਚ ਹੀ ਹੋਣੀ ਚਾਹੀਦੀ ਹੈ ਅਤੇ ਹੇਠਾਂ ਦਿੱਤੇ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ ਜਮ੍ਹਾਂ (ਸਬਮਿਟ) ਕੀਤੀ ਜਾਣੀ ਚਾਹੀਦੀ ਹੈ:

ਈ-ਮੇਲ: hs-roi@ucdavis.edu

ਪੋਸਟ ਆਫਿਸ ਮੇਲ: ਸਿਹਤ ਜਾਣਕਾਰੀ ਪ੍ਰਬੰਧਨ
2315 Stockton Blvd.
Sacramento, CA 95817

ਇਹ ਬੇਨਤੀ ਕਰਨ ਲਈ ਫ਼ਾਰਮ UC Davis Health ਵਿਖੇ ਉਪਲਬਧ ਹੈ ਅਤੇ ਇਸ ਵੈਬਸਾਈਟ: https://health.ucdavis.edu/him 'ਤੇ ਔਨਲਾਈਨ ਮਿਲ ਸਕਦਾ ਹੈ।

ਅਸੀਂ ਤੁਹਾਡੀ ਬੇਨਤੀ ਲਈ "ਨਹੀਂ" ਕਹਿ ਸਕਦੇ ਹਾਂ, ਪਰ ਕਿਉਂ ਬਾਰੇ ਅਸੀਂ ਤੁਹਾਨੂੰ ਲਿਖਤੀ ਤੌਰ 'ਤੇ ਦੱਸਾਂਗੇ।

**ਇਹ ਜਾਣਨ ਦਾ ਹੱਕ ਕਿ ਅਸੀਂ ਤੁਹਾਡੀ ਸਿਹਤ ਜਾਣਕਾਰੀ ਕਿਵੇਂ ਸਾਂਝੀ ਕੀਤੀ ਹੈ।** ਤੁਹਾਨੂੰ ਇੱਕ ਸੂਚੀ (ਅਕਾਉਂਟਿੰਗ) ਲਈ ਬੇਨਤੀ ਕਰਨ ਦਾ ਹੱਕ ਹੈ ਕਿ UC Davis Health ਨੇ ਹੋਰਨਾਂ ਲੋਕਾਂ, ਜਿਵੇਂ ਕਿ ਸਰਕਾਰੀ ਏਜੰਸੀਆਂ ਨਾਲ ਤੁਹਾਡੀ ਸਿਹਤ-ਜਾਣਕਾਰੀ ਕਿੰਨੀ ਵਾਰੀ ਸਾਂਝੀ ਕੀਤੀ ਹੈ। ਇਸ ਸੂਚੀ ਵਿੱਚ ਇਲਾਜ ਲਈ ਕੀਤੇ ਗਏ ਕੋਈ ਵੀ ਖ਼ੁਲਾਸੇ, ਭੁਗਤਾਨ, ਸਿਹਤ- ਸੰਭਾਲ ਕਾਰਵਾਈਆਂ ਜਾਂ ਕੋਈ ਵੀ ਖ਼ੁਲਾਸਾ, ਜੋ ਤੁਸੀਂ ਸਾਨੂੰ ਕਰਨ ਲਈ ਕਿਹਾ ਸੀ, ਸ਼ਾਮਲ ਨਹੀਂ ਹੋਏਗਾ। ਇਹ ਬੇਨਤੀ, ਤੁਹਾਡੇ ਵਲੋਂ ਸੂਚੀ ਮੰਗਣ ਦੀ ਤਾਰੀਖ਼ ਤੋਂ ਛੇ ਸਾਲ ਪਹਿਲਾਂ ਤੱਕ ਦੀ ਮਿਆਦ ਲਈ ਕੀਤੀ ਜਾ ਸਕਦੀ ਹੈ।

ਤੁਹਾਡੀ ਬੇਨਤੀ ਲਿਖਤੀ ਰੂਪ ਵਿੱਚ ਹੀ ਕੀਤੀ ਜਾਣੀ ਚਾਹੀਦੀ ਹੈ ਅਤੇ ਹੇਠਾਂ ਦਿੱਤੇ ਪਤੇ 'ਤੇ ਜਮ੍ਹਾਂ (ਸਬਮਿਟ) ਕੀਤੀ ਜਾਣੀ ਚਾਹੀਦੀ ਹੈ:

ਪੋਸਟ ਆਫਿਸ ਮੇਲ: ਸਿਹਤ ਜਾਣਕਾਰੀ ਪ੍ਰਬੰਧਨ
2315 Stockton Blvd.
Sacramento, CA 95817

ਇਹ ਬੇਨਤੀ ਕਰਨ ਲਈ ਫ਼ਾਰਮ UC Davis Health ਵਿਖੇ ਉਪਲਬਧ ਹੈ ਅਤੇ ਇਸ ਵੈਬਸਾਈਟ: https://health.ucdavis.edu/him 'ਤੇ ਔਨਲਾਈਨ ਮਿਲ ਸਕਦਾ ਹੈ।

ਜੇ ਤੁਸੀਂ 12-ਮਹੀਨੇ ਦੀ ਮਿਆਦ ਦੌਰਾਨ ਇੱਕ ਨਾਲੋਂ ਵੱਧ ਵਾਰੀ ਅਕਾਉਂਟਿੰਗ ਲਈ ਬੇਨਤੀ ਕਰਦੇ ਹੋ, ਤਾਂ ਅਸੀਂ ਇਹਨਾਂ ਸੇਵਾਵਾਂ ਲਈ ਢੁਕਵੀਂ, ਲਾਗਤ-ਅਧਾਰਿਤ ਫ਼ੀਸ ਲੈ ਸਕਦੇ ਹਾਂ।

**ਪਾਬੰਦੀ ਲਾਉਣ ਲਈ ਕਹਿਣ ਦਾ ਹੱਕ।** ਤੁਹਾਨੂੰ, ਅਸੀਂ ਤੁਹਾਡੀ ਸਿਹਤ-ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ ਅਤੇ ਇਲਾਜ ਲਈ ਕੁਝ ਸਿਹਤ-ਜਾਣਕਾਰੀ, ਭੁਗਤਾਨ ਜਾਂ ਸਿਹਤ-ਸੰਭਾਲ ਦੀਆਂ ਕਾਰਵਾਈਆਂ ਕਿਵੇਂ ਸਾਂਝੀ ਕਰਦੇ ਹਾਂ, ਲਈ ਸਾਨੂੰ ਇਸਨੂੰ ਸੀਮਤ ਕਰਨ ਲਈ ਕਹਿਣ ਦਾ ਹੱਕ ਹੈ। ਜੇ ਤੁਸੀਂ ਕਿਸੇ ਸੇਵਾ ਜਾਂ ਸਿਹਤ-ਸੰਭਾਲ ਲਈ ਪੂਰਾ ਭੁਗਤਾਨ ਆਪਣੇ ਆਪ ਕਰਦੇ ਹੋ, ਤਾਂ ਤੁਸੀਂ ਸਾਨੂੰ ਭੁਗਤਾਨ ਦੇ ਉਦੇਸ਼ਾਂ ਜਾਂ ਆਪਣੀਆਂ ਕਾਰਵਾਈਆਂ ਲਈ ਉਹ ਜਾਣਕਾਰੀ ਸਾਂਝੀ ਨਾ ਕਰਨ ਲਈ ਕਹਿ ਸਕਦੇ ਹੋ।

ਤੁਹਾਡੀ ਬੇਨਤੀ ਲਿਖਤੀ ਰੂਪ ਵਿੱਚ ਹੀ ਕੀਤੀ ਜਾਣੀ ਚਾਹੀਦੀ ਹੈ ਅਤੇ ਹੇਠਾਂ ਦਿੱਤੇ ਪਤੇ 'ਤੇ ਜਮ੍ਹਾ (ਸਬਮਿਟ) ਕੀਤੀ ਜਾਣੀ ਚਾਹੀਦੀ ਹੈ:

ਪੋਸਟ ਆਫਿਸ ਮੇਲ: ਸਿਹਤ ਜਾਣਕਾਰੀ ਪ੍ਰਬੰਧਨ
2315 Stockton Blvd.
Sacramento, CA 95817

ਇਹ ਬੇਨਤੀ ਕਰਨ ਲਈ ਫ਼ਾਰਮ UC Davis Health ਵਿਖੇ ਉਪਲਬਧ ਹੈ ਅਤੇ ਇਸ ਵੈਬਸਾਈਟ: https://health.ucdavis.edu/him 'ਤੇ ਔਨਲਾਈਨ ਮਿਲ ਸਕਦਾ ਹੈ।

**ਗੁਪਤ ਸੰਚਾਰ (ਗੱਲਬਾਤ) ਲਈ ਕਹਿਣ ਦਾ ਹੱਕ।** ਤੁਹਾਨੂੰ ਇਹ ਬੇਨਤੀ ਕਰਨ ਦਾ ਹੱਕ ਹੈ ਕਿ ਅਸੀਂ ਤੁਹਾਡੇ ਨਾਲ, ਤੁਹਾਡੀ ਸਿਹਤ-ਜਾਣਕਾਰੀ ਬਾਰੇ ਇੱਕ ਭਰੋਸੇਮੰਦ ਤਰੀਕੇ ਨਾਲ ਜਾਂ ਇੱਕ ਨਿਸ਼ਚਿਤ ਥਾਂ 'ਤੇ ਗੱਲ ਕਰੀਏ। ਉਦਾਹਰਣ ਲਈ, ਤੁਸੀਂ ਸਾਨੂੰ ਕਹਿ ਸਕਦੇ ਹੋ ਕਿ ਅਸੀਂ ਤੁਹਾਡੇ ਨਾਲ ਸਿਰਫ਼ ਘਰ ਵਿੱਚ ਜਾਂ ਸਿਰਫ਼ ਮੇਲ ਰਾਹੀਂ ਸੰਪਰਕ ਕਰੀਏ। ਤੁਹਾਨੂੰ, ਆਪਣੀ ਬੇਨਤੀ ਲਿਖਤੀ ਰੂਪ ਵਿੱਚ ਹੇਠਾਂ ਦਿੱਤੇ ਪਤੇ 'ਤੇ ਹੀ ਕਰਨੀ ਚਾਹੀਦੀ ਹੈ:

ਪੋਸਟ ਆਫਿਸ ਮੇਲ: ਸਿਹਤ ਜਾਣਕਾਰੀ ਪ੍ਰਬੰਧਨ
2315 Stockton Blvd.
Sacramento, CA 95817

ਅਸੀਂ ਸਾਰੀਆਂ ਢੁਕਵੀਆਂ ਬੇਨਤੀਆਂ ਨਾਲ ਸਹਿਮਤੀ ਪ੍ਰਗਟ ਕਰਾਂਗੇ।

**ਇਸ ਨੋਟਿਸ ਦੀ ਦਸਤਾਵੇਜ਼ੀ ਕਾਪੀ ਦਾ ਹੱਕ।** ਤੁਸੀਂ ਕਿਸੇ ਵੀ ਸਮੇਂ ਇਸ ਨੋਟਿਸ ਦੀ ਦਸਤਾਵੇਜ਼ੀ ਕਾਪੀ ਲਈ ਕਹਿ ਸਕਦੇ ਹੋ, ਭਾਵੇਂ ਤੁਸੀਂ ਇਹ ਨੋਟਿਸ ਇਲੈਕਟ੍ਰੌਨਿਕ ਤੌਰ 'ਤੇ ਲੈਣ ਲਈ ਸਹਿਮਤੀ ਪ੍ਰਗਟਾਈ ਹੋਵੇ।

ਇਸ ਨੋਟਿਸ ਦੀਆਂ ਕਾਪੀਆਂ ਸਮੁੱਚੇ UC Davis Health ਵਿੱਚ ਉਪਲਬਧ ਹਨ ਜਾਂ ਤੁਸੀਂ ਸਾਡੀ ਵੈਬਸਾਈਟ: https://health.ucdavis.edu/him 'ਤੇ ਇੱਕ ਕਾਪੀ ਲੈ ਸਕਦੇ ਹੋ।

**ਉਲੰਘਣਾ ਦੀ ਜਾਣਕਾਰੀ ਹਾਸਿਲ ਕਰਨ ਦਾ ਹੱਕ।** ਜੇ ਸਾਨੂੰ ਉਲੰਘਣਾ ਦਾ ਪਤਾ ਚਲਦਾ ਹੈ ਕਿ ਤੁਹਾਡੀ ਜਾਣਕਾਰੀ ਦੀ ਰਾਜ਼ਦਾਰੀ ਜਾਂ ਸੁਰੱਖਿਆ ਨਾਲ ਸਮਝੌਤਾ ਹੋਇਆ ਹੋ ਸਕਦਾ ਹੈ, ਤਾਂ ਤੁਹਾਨੂੰ ਇਸ ਬਾਰੇ ਜਾਣਕਾਰੀ ਦੱਸੇ ਜਾਣ ਦਾ ਹੱਕ ਹੈ।

## ਅਸੀਂ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਜਾਂ ਖ਼ੁਲਾਸਾ ਕਿਵੇਂ ਕਰ ਸਕਦੇ ਹਾਂ

**ਅਸੀਂ ਆਮ ਤੌਰ 'ਤੇ ਹੇਠਾਂ ਦਿੱਤੇ ਤਰੀਕਿਆਂ ਨਾਲ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਅਤੇ ਖ਼ੁਲਾਸਾ ਕਰਦੇ ਹਾਂ।**

**ਇਲਾਜ ਲਈ।** ਅਸੀਂ ਤੁਹਾਨੂੰ ਇਲਾਜ ਜਾਂ ਸੇਵਾਵਾਂ ਮੁਹੱਈਆ ਕਰਾਉਣ ਲਈ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਕਰਦੇ ਹਾਂ। ਅਸੀਂ, ਤੁਹਾਡੀ ਸਿਹਤ ਜਾਣਕਾਰੀ ਦਾ ਡਾੱਕਟਰਾਂ, ਨਰਸਾਂ, ਤਕਨੀਸ਼ਿਅਨਾਂ, ਮੈਡੀਕਲ ਅਤੇ ਸਿਹਤ-ਸਾਇੰਸ ਦੇ ਵਿਦਿਆਰਥੀਆਂ ਜਾਂ ਤੁਹਾਡੀ ਸੰਭਾਲ ਵਿੱਚ ਸ਼ਾਮਲ ਸਿਹਤ ਪ੍ਰਬੰਧ ਨਾਲ ਜੁੜੇ ਹੋਰ ਸਟਾਫ਼ ਨਾਲ ਖ਼ੁਲਾਸਾ ਕਰ ਸਕਦੇ ਹਾਂ। ਅਸੀਂ, ਸੰਭਾਲ ਜਾਂ ਇਲਾਜ ਲਈ ਦੂਜੇ ਗ਼ੈਰ-UC Davis Health ਪ੍ਰੋਵਾਈਡਰਾਂ ਨਾਲ ਵੀ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਉਦਾਹਰਣ ਲਈ, ਜੇ ਤੁਹਾਨੂੰ ਗ਼ੈਰ-UC Davis Health ਸੰਸਥਾ ਵਿਖੇ ਕਿਸੇ ਹੋਰ ਪ੍ਰੋਵਾਈਡਰ ਨੂੰ ਰੈਫ਼ਰ ਕੀਤਾ ਜਾ ਰਿਹਾ ਹੈ, ਤਾਂ ਅਸੀਂ ਤੁਹਾਡੀ ਸਿਹਤ-ਜਾਣਕਾਰੀ ਸਾਂਝੀ ਕਰ ਸਕਦੇ ਹਾਂ।

**ਭੁਗਤਾਨ ਲਈ।** ਅਸੀਂ ਸਿਹਤ-ਪਲਾਨਾਂ ਜਾਂ ਹੋਰ ਯੂਨਿਟਾਂ ਲਈ ਬਿਲ ਬਣਾਉਣ ਜਾਂ ਭੁਗਤਾਨ ਲੈਣ ਲਈ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਕਰਦੇ ਹਾਂ ਅਤੇ ਇਸ ਨੂੰ ਸਾਂਝੀ ਕਰਦੇ ਹਾਂ। ਉਦਾਹਰਣ ਲਈ, ਅਸੀਂ ਤੁਹਾਡੇ ਸਿਹਤ ਪਲਾਨ ਨੂੰ ਜਾਣਕਾਰੀ ਦਿੰਦੇ ਹਾਂ, ਇਸ ਨਾਲ ਉਹ ਤੁਹਾਡੀਆਂ ਸੇਵਾਵਾਂ ਲਈ ਸਾਨੂੰ ਭੁਗਤਾਨ ਕਰਨਗੇ।

**ਸਿਹਤ ਸੰਭਾਲ ਕਾਰਜਾਂ ਲਈ।** ਇਸਦਾ ਪ੍ਰਬੰਧ ਕਰਨ ਲਈ, ਅਸੀਂ ਤੁਹਾਡੀ ਸਿਹਤ-ਜਾਣਕਾਰੀ ਦੀ ਵਰਤੋਂ ਕਰਦੇ ਹਾਂ ਅਤੇ ਇਸ ਨੂੰ ਸਾਂਝੀ ਕਰਦੇ ਹਾਂ, ਇਹ ਹੈ ਕਾਰਜਾਂ (ਓਪਰੇਸ਼ਨ) ਬਾਰੇ ਸੈਕਸ਼ਨ, ਤੁਹਾਡਾ ਇਲਾਜ ਅਤੇ ਸੇਵਾਵਾਂ, ਆਪਣਾ ਕਾਰੋਬਾਰ ਚਲਾਉਣਾ ਅਤੇ ਪੜ੍ਹਾਉਣ ਵਾਲੀ ਸੰਸਥਾ ਦੇ ਕਾਰਜ ਕਰਨੇ, ਤੁਹਾਡੀ ਸੰਭਾਲ ਨੂੰ ਬਿਹਤਰ ਕਰਨਾ ਅਤੇ ਲੋੜ ਪੈਣ 'ਤੇ ਤੁਹਾਡੇ ਨਾਲ ਸੰਪਰਕ ਕਰਦੇ ਹਾਂ। ਉਦਾਹਰਣ ਲਈ, ਆਪਣੀਆਂ ਸੇਵਾਵਾਂ ਦੀ ਕੁਆਲਿਟੀ ਅਤੇ ਸੁਰੱਖਿਆ ਦਾ ਜਾਇਜ਼ਾ ਲੈਣ ਜਾਂ ਕਾਰੋਬਾਰੀ ਵਿਓਂਤਬੰਦੀ, ਪ੍ਰਬੰਧ ਕਰਨ ਅਤੇ ਪ੍ਰਸ਼ਾਸਨੀ ਸੇਵਾਵਾਂ ਲਈ ਤੁਹਾਡੀ ਸਿਹਤ-ਜਾਣਕਾਰੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਅਸੀਂ, ਸਾਨੂੰ ਮਾਣਤਾ ਦਿਵਾਉਣ, ਕਾਨੂੰਨੀ ਜਾਂ ਆਡਿਟ ਕਰਨ ਵਰਗੀਆਂ ਸੇਵਾਵਾਂ ਦੇਣ ਵਾਲੀ ਕਿਸੇ ਬਾਹਰੀ ਕੰਪਨੀ ਨਾਲ

ਵੀ ਤੁਹਾਡੀ ਸਿਹਤ-ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਕਾਨੂੰਨ ਅਨੁਸਾਰ, ਇਹਨਾਂ ਕੰਪਨੀਆਂ ਵਲੋਂ ਤੁਹਾਡੀ ਸਿਹਤ-ਜਾਣਕਾਰੀ ਨੂੰ ਗੁਪਤ ਰੱਖਣਾ ਜ਼ਰੂਰੀ ਹੈ।

**ਹੋਰ ਤਰੀਕੇ, ਜਿਹਨਾਂ ਨਾਲ ਅਸੀਂ ਤੁਹਾਡੀ ਸਿਹਤ-ਜਾਣਕਾਰੀ ਸਾਂਝੀ ਕਰਦੇ ਹਾਂ।**

ਹੋਰਨਾਂ ਤਰੀਕਿਆਂ ਨਾਲ ਤੁਹਾਡੀ ਸਿਹਤ-ਜਾਣਕਾਰੀ ਸਾਂਝੀ ਕਰਨ ਲਈ ਸਾਨੂੰ ਕਾਨੂੰਨ ਵਲੋਂ – ਆਮ ਤੌਰ 'ਤੇ ਲੋਕਾਂ ਦੀ ਮਦਦ ਕਰਨ ਵਾਲੇ ਤਰੀਕਿਆਂ, ਜਿਵੇਂ ਕਿ ਜਨਤਕ ਸਿਹਤ ਅਤੇ ਖੋਜ ਲਈ ਮੰਜ਼ੂਰੀ ਮਿਲੀ ਹੋਈ ਹੈ ਜਾਂ ਲੋੜੀਂਦੀ ਹੈ। ਇਹਨਾਂ ਕਾਰਣਾਂ ਕਰਕੇ, ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਸਾਨੂੰ ਕਾਨੂੰਨ ਦੀਆਂ ਕਈ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।

**ਹਸਪਤਾਲ ਦੀ ਡਾਇਰੈਕਟਰੀ।** ਜੇ ਤੁਸੀਂ ਹਸਪਤਾਲ ਵਿੱਚ ਭਰਤੀ ਹੋ, ਤਾਂ ਅਸੀਂ ਹਸਪਤਾਲ ਦੀ ਡਾਇਰੈਕਟਰੀ ਵਿੱਚ ਤੁਹਾਡੇ ਬਾਰੇ ਢੁਕਵੀਂ ਜਾਣਕਾਰੀ ਸ਼ਾਮਲ ਕਰ ਸਕਦੇ ਹਾਂ। ਇਹ ਇਸ ਕਰਕੇ ਕਰਨਾ ਪੈਂਦਾ ਹੈ, ਤਾਂ ਜੋ ਤੁਹਾਡਾ ਪਰਿਵਾਰ, ਦੋਸਤ ਅਤੇ ਧਾਰਮਿਕ ਆਗੂ ਹਸਪਤਾਲ ਵਿੱਚ ਤੁਹਾਨੂੰ ਮਿਲ ਸਕਣ ਅਤੇ ਆਮ ਤੌਰ 'ਤੇ ਇਹ ਜਾਣਨ ਲਈ ਕਿ ਤੁਸੀਂ ਕਿਵੇਂ ਹੋ। ਤੁਹਾਨੂੰ ਡਾਇਰੈਕਟਰੀ ਸਬੰਧੀ ਜਾਣਕਾਰੀ ਜਾਰੀ ਕੀਤੇ ਜਾਣ 'ਤੇ ਇਤਰਾਜ਼ ਕਰਨ ਦਾ ਹੱਕ ਹੈ।

**ਤੁਹਾਡੀ ਸੰਭਾਲ ਜਾਂ ਤੁਹਾਡੀ ਸੰਭਾਲ ਲਈ ਭੁਗਤਾਨ ਵਿੱਚ ਸ਼ਾਮਲ ਲੋਕ।** ਅਸੀਂ ਤੁਹਾਡੇ ਪਰਿਵਾਰ, ਨਜ਼ਦੀਕੀ ਦੋਸਤਾਂ ਜਾਂ ਤੁਹਾਡੀ ਸੰਭਾਲ ਜਾਂ ਤੁਹਾਡੀ ਸੰਭਾਲ ਲਈ ਭੁਗਤਾਨ ਵਿੱਚ ਸ਼ਾਮਲ ਹੋਰਨਾਂ ਲੋਕਾਂ ਨਾਲ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

**ਸਿਹਤ ਜਾਣਕਾਰੀ ਦਾ ਆਦਾਨ/ਪ੍ਰਦਾਨ।** UC Davis Health ਸਿਹਤ ਜਾਣਕਾਰੀ ਦੇ ਇੱਕ ਜਾਂ ਵੱਧ ਆਦਾਨ/ਪ੍ਰਦਾਨ (HIE) ਵਿੱਚ ਹਿੱਸਾ ਲੈ ਸਕਦੀ ਹੈ, ਜਿੱਥੇ ਅਸੀਂ ਕਾਨੂੰਨ ਵਲੋਂ ਮਿਲੀ ਮੰਜ਼ੂਰੀ ਅਨੁਸਾਰ, ਹੋਰਨਾਂ ਸਿਹਤ-ਸੰਭਾਲ ਪ੍ਰੋਵਾਈਡਰਾਂ ਜਾਂ ਤੁਹਾਡੀ ਸੰਭਾਲ ਲਈ ਤਾਲਮੇਲ ਕਰ ਰਹੀਆਂ ਯੂਨਿਟਾਂ ਨਾਲ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਇਸ ਨਾਲ ਤੁਹਾਡੇ ਇਲਾਜ ਵਿੱਚ ਹਿੱਸਾ ਲੈ ਰਹੀਆਂ ਵੱਖ-ਵੱਖ ਸਹੂਲਤਾਂ ਵਿਚਲੇ ਸਿਹਤ-ਸੰਭਾਲ ਪ੍ਰੋਵਾਈਡਰਾਂ ਨੂੰ ਤੁਹਾਡੇ ਇਲਾਜ ਲਈ ਲੋੜੀਂਦੀ ਜਾਣਕਾਰੀ ਮਿਲਦੀ ਹੈ।

ਜੇ ਤੁਸੀਂ ਨਹੀਂ ਚਾਹੁੰਦੇ ਕਿ UC Davis Health ਇੱਕ HIE ਵਿੱਚ ਤੁਹਾਡੀ ਜਾਣਕਾਰੀ ਸਾਂਝੀ ਕਰੇ, ਤਾਂ ਤੁਸੀਂ https://health.ucdavis.edu/him 'ਤੇ ਇਸ ਤੋਂ ਬਾਹਰ ਹੋਣ ਬਾਰੇ ਫ਼ਾਰਮ ਭਰਕੇ ਬਾਹਰ ਹੋਣ ਦੀ ਚੋਣ ਕਰ ਸਕਦੇ ਹੋ:

| | |
|---|---|
| ਈ-ਮੇਲ: | hs-roi@ucdavis.edu |
| ਫ਼ੈਕਸ: | (916) 734-2126 |
| ਪੋਸਟ ਆਫਿਸ ਮੇਲ: | ਸਿਹਤ ਜਾਣਕਾਰੀ ਪ੍ਰਬੰਧਨ<br>2315 Stockton Blvd.<br>Sacramento, CA 95817 |

ਸਾਡੇ 'ਤੇ ਲਾਗੂ ਕਾਨੂੰਨਾਂ ਦੀ ਪਾਲਣਾ ਕਰਦਿਆਂ, ਲੋੜੀਂਦੇ ਅਨੁਸਾਰ UC Davis Health ਤੁਹਾਡੀ ਬਾਹਰ ਹੋਣ ਬਾਰੇ ਬੇਨਤੀ ਨਾਲ ਸਹਿਮਤੀ ਪ੍ਰਗਟਾਏਗੀ। ਤੁਹਾਡੇ ਬਾਹਰ ਹੋਣ ਦੀ ਚੋਣ, UC Davis Health ਨੂੰ HIE ਰਾਹੀਂ ਹੋਰਨਾਂ ਸਿਹਤ-ਸੰਭਾਲ ਪ੍ਰੋਵਾਈਡਰਾਂ ਨਾਲ ਤੁਹਾਡੀ ਜਾਣਕਾਰੀ ਸਾਂਝੀ ਕਰਨ ਤੋਂ ਰੋਕਦੀ ਹੈ; ਇਹ UC Davis Health ਨੂੰ ਉਸ ਕੋਲ ਪਈ ਤੁਹਾਡੀ ਜਾਣਕਾਰੀ ਹੋਰਨਾਂ ਸਿਹਤ-ਸੰਭਾਲ ਪ੍ਰੋਵਾਈਡਰਾਂ ਨਾਲ ਸਾਂਝੀ ਕਰਨ ਤੋਂ ਨਹੀਂ ਰੋਕਦੀ ਅਤੇ ਇਹ ਉਸ ਸਿਹਤ-ਸੰਭਾਲ ਪ੍ਰੋਵਾਈਡਰ ਨੂੰ ਵੀ ਨਹੀਂ ਰੋਕਦੀ, ਜਿਸ ਕੋਲ ਪਹਿਲਾਂ ਤੋਂ ਮਿਲੀ ਤੁਹਾਡੀ ਜਾਣਕਾਰੀ ਰੱਖੀ ਹੋਈ ਹੈ। ਹੋਰਨਾਂ ਸਿਹਤ-ਸੰਭਾਲ ਪ੍ਰੋਵਾਈਡਰਾਂ ਨੂੰ UC Davis Health ਕੋਲ ਪਈ ਤੁਹਾਡੀ ਜਾਣਕਾਰੀ ਸਾਂਝੀ ਕਰਨ ਤੋਂ ਰੋਕਣ ਲਈ, ਤੁਹਾਨੂੰ ਸਿੱਧਿਆਂ ਉਹਨਾਂ ਪ੍ਰੋਵਾਈਡਰਾਂ ਨਾਲ ਹੀ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਸੀਂ ਬਾਹਰ ਹੋਣ ਦੀ ਚੋਣ ਕੀਤੀ ਹੈ, ਤਾਂ ਤੁਸੀਂ ਹੇਠਾਂ ਦਿੱਤਿਆਂ 'ਤੇ ਲਿਖਤੀ ਬੇਨਤੀ ਜਮ੍ਹਾ (ਸਬਮਿਟ) ਕਰਕੇ ਫਿਰ ਤੋਂ ਹਿੱਸੇਦਾਰੀ ਸ਼ੁਰੂ ਕਰਨ ਦੀ ਚੋਣ ਕਰ ਸਕਦੇ ਹੋ:

| | |
|---|---|
| ਈ-ਮੇਲ: | hs-roi@ucdavis.edu |
| ਫ਼ੈਕਸ: | (916) 734-2126 |
| ਪੋਸਟ ਆਫਿਸ ਮੇਲ: | ਸਿਹਤ ਜਾਣਕਾਰੀ ਪ੍ਰਬੰਧਨ |

**ਖੋਜ।** UC Davis Health ਇੱਕ ਖੋਜ ਸੰਸਥਾ ਹੈ। ਖੋਜਕਰਤਾ, ਕੁਝ ਖੋਜ ਅਧਿਅਨਾਂ ਵਿੱਚ ਹਿੱਸਾ ਲੈਣ ਵਿੱਚ ਤੁਹਾਡੀ ਦਿਲਚਸਪੀ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ ਅਤੇ ਕੁਝ ਸਥਿਤੀਆਂ ਵਿੱਚ ਤੁਹਾਡਾ ਅਖ਼ਤਿਆਰਨਾਮਾ ਹਾਸਿਲ ਕੀਤੇ ਬਿਨਾਂ, ਖੋਜ ਲਈ ਤੁਹਾਡੀ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਨ ਜਾਂ ਸਾਂਝੀ ਕਰ ਸਕਦੇ ਹਨ। ਇਹ ਉਸ ਸਮੇਂ ਹੋ ਸਕਦਾ ਹੈ, ਜਦੋਂ ਮਰੀਜ਼ ਦੀ ਰਾਜ਼ਦਾਰੀ ਦੀ ਰਾਖੀ ਕਰਨ ਲਈ ਖੋਜ ਨੇ ਇੱਕ ਖ਼ਾਸ ਜਾਇਜ਼ੇ ਦਾ ਅਮਲ ਪੂਰਾ ਕੀਤਾ ਹੋਵੇ।

**ਅੰਗ ਅਤੇ ਟਿਸ਼ੂ ਦਾਨ।** ਜੇ ਤੁਸੀਂ ਇੱਕ ਅੰਗ-ਦਾਨਕਰਤਾ ਹੋ, ਤਾਂ ਅਸੀਂ ਅੰਗ ਮੁਹੱਈਆ ਕਰਾਉਣ ਵਾਲੀਆਂ ਸੰਸਥਾਵਾਂ ਨਾਲ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

**ਕੋਰੋਨਰ, ਮੈਡੀਕਲ ਮੁਆਇਨਾਕਾਰ ਅਤੇ ਸਸਕਾਰ ਕਰਨ ਬਾਰੇ ਡਾਇਰੈਕਟਰ।** ਜਿਸ ਸਮੇਂ ਕਿਸੇ ਦੀ ਮੌਤ ਹੁੰਦੀ ਹੈ, ਤਾਂ ਅਸੀਂ ਕੋਰੋਨਰ, ਮੈਡੀਕਲ ਮੁਆਇਨਾਕਾਰ ਅਤੇ ਸਸਕਾਰ ਕਰਨ ਬਾਰੇ ਡਾਇਰੈਕਟਰ ਨਾਲ ਮੈਡੀਕਲ ਜਾਣਕਾਰੀ ਸਾਂਝੀ ਕਰ ਸਕਦੇ ਹਾਂ। ਉਦਾਹਰਣ ਲਈ, ਮਰਣ ਵਾਲੇ ਵਿਅਕਤੀ ਦੀ ਪਛਾਣ ਕਰਨ ਜਾਂ ਮੌਤ ਦਾ ਕਾਰਣ ਜਾਣਨ ਲਈ ਇਹ ਕਰਨਾ ਜ਼ਰੂਰੀ ਹੋ ਸਕਦਾ ਹੈ।

**ਬਿਪਤਾ ਰਾਹਤ ਕੋਸ਼ਿਸ਼ਾਂ।** ਅਸੀਂ, ਬਿਪਤਾ ਰਾਹਤ ਕੋਸ਼ਿਸ਼ ਵਿੱਚ ਮਦਦ ਕਰ ਰਹੀ ਸੰਸਥਾ ਨਾਲ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ, ਤਾਂ ਜੋ ਤੁਹਾਡੀ ਸਥਿਤੀ, ਦਰਜੇ ਅਤੇ ਥਾਂ ਬਾਰੇ ਹੋਰਨਾਂ ਨੂੰ ਦੱਸਿਆ ਜਾ ਸਕੇ।

**ਰਕਮਾਂ ਇਕੱਠੀਆਂ ਕਰਨ ਵਾਲੀਆਂ ਸਰਗਰਮੀਆਂ।** ਅਸੀਂ, ਰਕਮਾਂ ਇਕੱਠੇ ਕਰਨ ਵਾਲੇ ਪ੍ਰੋਗਰਾਮਾਂ ਅਤੇ ਅਹਿਮ ਘਟਨਾਵਾਂ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੇ ਵਲੋਂ ਮੁਹੱਈਆ ਕਰਾਈ ਗਈ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ। ਤੁਸੀਂ ਹੇਠਾਂ ਦਿੱਤੇ ਤਰੀਕਿਆਂ ਨਾਲ UC Davis Health ਤੋਂ ਰਕਮਾਂ ਇਕੱਠੀਆਂ ਕਰਨ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਹਰ ਹੋਣ ਦੀ ਚੋਣ ਕਰ ਸਕਦੇ ਹੋ:

| | |
|---|---|
| ਟੈਲੀਫੋਨ: | 916-734-9400 |
| ਪੋਸਟ ਆਫਿਸ ਮੇਲਿੰਗ: | ਹੈਲਥ ਸਾਇੰਸਜ਼ ਡਿਵੈਲਪਮੈਂਟ<br>4900 Broadway, Suite 1150<br>Sacramento, CA 95820 |

**ਸਿਹਤ-ਸੰਭਾਲ ਜਾਣਕਾਰੀ ਅਤੇ ਮੁਲਾਕਾਤ ਬਾਰੇ ਰਿਮਾਇੰਡਰ।** ਅਸੀਂ, ਤੁਹਾਨੂੰ ਇਹ ਯਾਦ ਕਰਾਉਣ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ ਕਿ ਤੁਹਾਡੀ UC Davis Health ਨਾਲ ਮੁਲਾਕਾਤ ਹੈ। ਅਸੀਂ ਤੁਹਾਡੇ ਲਈ ਇਲਾਜ ਦੇ ਬਦਲਵੇਂ ਵਿਕਲਪਾਂ ਬਾਰੇ ਜਾਂ ਸਾਡੇ ਵਲੋਂ ਮੁਹੱਈਆ ਕਰਾਏ ਜਾਣ ਵਾਲੇ ਲਾਭਾਂ ਜਾਂ ਸੇਵਾਵਾਂ ਬਾਰੇ ਵੀ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਾਂ।

**ਜਿਵੇਂ ਕਿ ਕਾਨੂੰਨ ਅਨੁਸਾਰ ਲੋੜੀਂਦਾ ਹੈ।** ਫ਼ੈਡਰਲ ਜਾਂ ਸਟੇਟ ਦੇ ਕਾਨੂੰਨ ਵਲੋਂ ਅਜਿਹਾ ਕਰਨ ਦੀ ਲੋੜ ਪੈਣ 'ਤੇ ਅਸੀਂ ਤੁਹਾਡੀ ਸਿਹਤ ਜਾਣਕਾਰੀ ਦਾ ਖ਼ੁਲਾਸਾ ਕਰਾਂਗੇ। ਉਦਾਹਰਣ ਲਈ, ਜੇ ਸਿਹਤ ਅਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਇਹ ਜਾਣਨਾ ਚਾਹੁੰਦਾ ਹੈ ਕਿ ਕੀ ਅਸੀਂ ਫ਼ੈਡਰਲ ਰਾਜ਼ਦਾਰੀ ਕਾਨੂੰਨ ਦੀ ਪਾਲਣਾ ਕਰ ਰਹੇ ਹਾਂ, ਤਾਂ ਉਹਨਾਂ ਨਾਲ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

**ਮੁਕੱਦਮਿਆਂ ਅਤੇ ਕਾਨੂੰਨੀ ਕਾਰਵਾਈਆਂ ਦਾ ਜਵਾਬ।** ਅਸੀਂ ਅਦਾਲਤੀ ਜਾਂ ਪ੍ਰਸ਼ਾਸਨੀ ਆਦੇਸ਼ ਦੇ ਜਵਾਬ ਵਿੱਚ ਜਾਂ ਸੰਮਨ ਦੇ ਜਵਾਬ ਵਿੱਚ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

**ਫ਼ੌਜ ਅਤੇ ਸਾਬਕਾ ਫ਼ੌਜੀ।** ਜੇ ਤੁਸੀਂ ਹਥਿਆਰਬੰਦ ਫ਼ੌਜਾਂ ਦੇ ਮੈਂਬਰ ਜਾਂ ਸਾਬਕਾ ਫ਼ੌਜੀ ਹੋ, ਤਾਂ ਅਸੀਂ ਕਾਨੂੰਨ ਵਲੋਂ ਦਿੱਤੀ ਗਈ ਮੰਜ਼ੂਰੀ ਜਾਂ ਲੋੜੀਂਦੇ ਅਨੁਸਾਰ ਫ਼ੌਜੀ ਅਧਿਕਾਰੀਆਂ ਲਈ ਤੁਹਾਡੀ ਸਿਹਤ ਜਾਣਕਾਰੀ ਜਾਰੀ ਕਰ ਸਕਦੇ ਹਾਂ।

**ਕੈਦੀ।** ਜੇ ਤੁਸੀਂ ਸੁਧਾਰ ਘਰ ਵਿਚਲੇ ਇੱਕ ਕੈਦੀ ਹੋ ਜਾਂ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰਾਂ ਦੀ ਹਿਰਾਸਤ ਵਿੱਚ ਹੋ, ਤਾਂ ਅਸੀਂ ਕਾਨੂੰਨ ਵਲੋਂ ਦਿੱਤੀ ਗਈ ਮੰਜ਼ੂਰੀ ਜਾਂ ਲੋੜੀਂਦੇ ਅਨੁਸਾਰ ਸੁਧਾਰ ਘਰ ਨੂੰ ਤੁਹਾਡੀ ਸਿਹਤ ਜਾਣਕਾਰੀ ਜਾਰੀ ਕਰ ਸਕਦੇ ਹਾਂ।

**ਕਰਮਚਾਰੀਆਂ ਦਾ ਮੁਆਵਜ਼ਾ।** ਅਸੀਂ ਕਾਨੂੰਨ ਵਲੋਂ ਦਿੱਤੇ ਗਏ ਅਖ਼ਤਿਆਰ ਜਾਂ ਲੋੜੀਂਦੇ ਅਨੁਸਾਰ ਕਰਮਚਾਰੀਆਂ ਦੇ ਮੁਆਵਜ਼ੇ ਜਾਂ ਅਜਿਹੇ ਪ੍ਰੋਗਰਾਮਾਂ ਲਈ ਤੁਹਾਡੀ ਸਿਹਤ ਜਾਣਕਾਰੀ ਦੀ ਵਰਤੋਂ ਕਰ ਸਕਦੇ ਹਾਂ ਜਾਂ ਸਾਂਝੀ ਕਰ ਸਕਦੇ ਹਾਂ। ਇਹ ਪ੍ਰੋਗਰਾਮ ਕੰਮ-ਸਬੰਧੀ ਸੱਟ ਜਾਂ ਬਿਮਾਰੀ ਲਈ ਲਾਭ

ਮੁਹੱਈਆ ਕਰਦੇ ਹਨ।

**ਜਨਤਕ ਸਿਹਤ ਅਤੇ ਸੁਰੱਖਿਆ।** ਅਸੀਂ ਕੁਝ ਸਥਿਤੀਆਂ ਵਿੱਚ ਤੁਹਾਡੀ ਸਿਹਤ ਜਾਣਕਾਰੀ ਦਾ ਖ਼ੁਲਾਸਾ ਕਰ ਸਕਦੇ ਹਾਂ, ਜਿਵੇਂ:

- ਬਿਮਾਰੀ ਦੀ ਰੋਕਥਾਮ ਕਰਨ ਜਾਂ ਕੰਟਰੋਲ ਕਰਨ (ਜਿਵੇਂ ਕੈਂਸਰ ਅਤੇ ਟੀਬੀ), ਸੱਟ ਜਾਂ ਅਪਾਹਜਤਾ (ਅਪੰਗਤਾ);
- ਜਨਮ ਅਤੇ ਮੌਤ ਵਰਗੀਆਂ ਅਹਿਮ ਘਟਨਾਵਾਂ ਬਾਰੇ ਰਿਪੋਰਟ ਕਰਨੀ;
- ਸ਼ੱਕੀ ਦੁਰਵਿਹਾਰ, ਨਜ਼ਰਅੰਦਾਜ਼ ਕਰਨ ਜਾਂ ਘਰੇਲੂ ਹਿੰਸਾ ਦੀ ਰਿਪੋਰਟ ਕਰਨੀ;
- ਕਿਸੇ ਦੀ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖ਼ਤਰੇ ਦੀ ਰੋਕਥਾਮ ਕਰਨੀ ਜਾਂ ਉਸਨੂੰ ਘੱਟ ਕਰਨਾ;
- ਭੋਜਨ, ਦਵਾਈਆਂ ਜਾਂ ਉਤਪਾਦਾਂ ਵਿਚਲੇ ਨੁਕਸ ਜਾਂ ਸਮੱਸਿਆਵਾਂ ਸਬੰਧੀ ਮਾੜੀਆਂ ਘਟਨਾਵਾਂ ਦੀ ਰਿਪੋਰਟ ਕਰਨੀ ਜਾਂ ਨਿਗਰਾਨੀ;
- ਲੋਕਾਂ ਵਲੋਂ ਵਰਤੇ ਜਾ ਰਹੇ ਉਤਪਾਦ ਵਾਪਸ ਲੈਣ, ਠੀਕ ਕਰਨ ਜਾਂ ਬਦਲਣ ਬਾਰੇ ਦੱਸਣਾ;
- ਉਸ ਸ਼ਖ਼ਸ ਬਾਰੇ ਦੱਸਣਾ, ਜੋ ਬਿਮਾਰੀ ਦੇ ਸੰਪਰਕ ਵਿੱਚ ਆਇਆ ਹੋ ਸਕਦਾ ਹੈ ਜਾਂ ਜਿਸ ਨੂੰ ਕੋਈ ਬਿਮਾਰੀ ਜਾਂ ਸਥਿਤੀ ਸਹੇੜਣ (ਸੰਕਰਮਣ) ਜਾਂ ਫੈਲਾਉਣ ਦਾ ਜੋਖਮ ਹੋ ਸਕਦਾ ਹੈ;
- ਕੰਮ ਵਾਲੀ ਥਾਂ 'ਤੇ ਮੁਲਾਜ਼ਮ ਨੂੰ ਲੱਗਣ ਵਾਲੀ ਗੰਭੀਰ ਸੱਟ ਜਾਂ ਮੌਤ ਬਾਰੇ ਕਾਨੂੰਨੀ ਤੌਰ 'ਤੇ ਲੋੜੀਂਦੀ ਰਿਪੋਰਟ ਦੇਣ ਲਈ ਤੁਹਾਡੇ ਨੌਕਰੀਦਾਤਾ ਨੂੰ ਸੀਮਤ ਜਾਣਕਾਰੀ ਮੁਹੱਈਆ ਕਰਾਉਣੀ;
- ਕੰਮ ਵਾਲੀ ਥਾਂ ਜਾਂ ਕੰਮ ਨਾਲ ਜੁੜੀ ਬਿਮਾਰੀ ਜਾਂ ਸੱਟ, ਇਸ ਵਿੱਚ ਲਾਗ ਵਾਲੀ ਬਿਮਾਰੀ ਦੀ ਰੋਕਥਾਮ ਅਤੇ ਕੰਟਰੋਲ ਕਰਨਾ, ਸ਼ਾਮਲ ਹੁੰਦਾ ਹੈ, ਦੀ ਮੈਡੀਕਲ ਨਿਗਰਾਨੀ ਬਾਰੇ ਕਾਨੂੰਨੀ ਤੌਰ 'ਤੇ ਲੋੜੀਂਦੀ ਰਿਪੋਰਟ ਦੇਣ ਲਈ ਤੁਹਾਡੇ ਨੌਕਰੀਦਾਤਾ ਨੂੰ ਸੀਮਤ ਜਾਣਕਾਰੀ ਮੁਹੱਈਆ ਕਰਾਉਣੀ।

**ਸਿਹਤ ਨਿਗਰਾਨੀ ਬਾਰੇ ਕਾਰਵਾਈਆਂ।** ਅਸੀਂ ਤੁਹਾਡੀ ਸਿਹਤ ਜਾਣਕਾਰੀ ਨੂੰ ਸਰਕਾਰੀ, ਲਾਇਸੈਂਸਿੰਗ, ਔਡਿਟਿੰਗ ਅਤੇ ਹੋਰਨਾਂ ਏਜੰਸੀਆਂ ਨਾਲ ਕਾਨੂੰਨ ਅਨੁਸਾਰ ਅਖ਼ਤਿਆਰਪ੍ਰਾਪਤ ਜਾਂ ਲੋੜੀਂਦੇ ਵਜੋਂ ਸਾਂਝੀ ਕਰ ਸਕਦੇ ਹਾਂ।

**ਕਾਨੂੰਨ ਲਾਗੂ ਕਰਨਾ।** ਕਾਨੂੰਨ ਵਲੋਂ ਦਿੱਤੀ ਗਈ ਮੰਜ਼ੂਰੀ ਜਾਂ ਲੋੜੀਂਦੇ ਅਨੁਸਾਰ, ਜਦੋਂ ਕੁਝ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਤਾਂ ਅਸੀਂ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਤੁਹਾਡੀ ਸਿਹਤ ਜਾਣਕਾਰੀ ਜਾਰੀ ਕਰ ਸਕਦੇ ਹਾਂ।

**ਰਾਸ਼ਟਰੀ ਸੁਰੱਖਿਆ ਅਤੇ ਖ਼ੁਫ਼ੀਆ ਸਰਗਰਮੀਆਂ।** ਕਾਨੂੰਨ ਵਲੋਂ ਲੋੜੀਂਦੇ ਅਨੁਸਾਰ, ਅਸੀਂ ਰਾਸ਼ਟਰੀ ਸੁਰੱਖਿਆ ਅਤੇ ਪ੍ਰੈਜ਼ੀਡੈਂਟ ਸਬੰਧੀ ਸੁਰੱਖਿਆਤਮਕ ਸੇਵਾਵਾਂ ਵਰਗੇ ਖ਼ਾਸ ਸਰਕਾਰੀ ਕਾਰਜਾਂ ਲਈ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੇ ਹਾਂ।

**ਸਿਹਤ ਜਾਣਕਾਰੀ ਦੀ ਮਾਰਕੀਟਿੰਗ ਜਾਂ ਵਿਕਰੀ।** ਮਾਰਕੀਟਿੰਗ ਉਦੇਸ਼ਾਂ ਲਈ ਤੁਹਾਡੀ ਸਿਹਤ ਜਾਣਕਾਰੀ ਜਾਂ ਤੁਹਾਡੀ ਸਿਹਤ ਜਾਣਕਾਰੀ ਦੀ ਕਿਸੇ ਵੀ ਵਿਕਰੀ ਦੀ ਬਹੁਤੀ ਵਰਤੋਂ ਕਰਨੀ ਅਤੇ ਸਾਂਝੀ ਕਰਨੀ, ਸਖ਼ਤੀ ਨਾਲ ਸੀਮਤ ਹੈ ਅਤੇ ਇਸ ਲਈ ਤੁਹਾਡੇ ਲਿਖਤੀ ਅਖ਼ਤਿਆਰਨਾਮੇ ਦੀ ਲੋੜ ਹੈ।

**ਸਿਹਤ ਜਾਣਕਾਰੀ ਦੀ ਹੋਰ ਵਰਤੋਂ ਅਤੇ ਖ਼ੁਲਾਸੇ।** ਅਸੀਂ, ਤੁਹਾਡੀ ਉਹ ਸਿਹਤ ਜਾਣਕਾਰੀ ਸਾਂਝੀ ਕਰਦੇ ਹਾਂ ਅਤੇ ਵਰਤੋਂ ਕਰਦੇ ਹਾਂ, ਜੋ ਇਸ ਨੋਟਿਸ ਦੇ ਘੇਰੇ ਹੇਠ ਨਹੀਂ ਆਉਂਦੀ, ਇਸ ਲਈ ਸਿਰਫ਼ ਤੁਹਾਡੇ ਲਿਖਤੀ ਅਖ਼ਤਿਆਰਨਾਮੇ ਦੀ ਲੋੜ ਪਏਗੀ। ਜੇ ਤੁਸੀਂ ਸਾਨੂੰ ਆਪਣੀ ਸਿਹਤ ਜਾਣਕਾਰੀ ਦੀ ਵਰਤੋਂ ਕਰਨ ਜਾਂ ਖ਼ੁਲਾਸਾ ਕਰਨ ਦਾ ਅਖ਼ਤਿਆਰ ਦਿੰਦੇ ਹੋ, ਤਾਂ ਤੁਸੀਂ ਕਿਸੇ ਵੀ ਸਮੇਂ ਉਸ ਅਖ਼ਤਿਆਰਨਾਮੇ ਨੂੰ ਲਿਖਤੀ ਤੌਰ 'ਤੇ ਰੱਦ ਕਰ ਸਕਦੇ ਹੋ। ਹਾਲਾਂਕਿ, ਰੱਦ ਕੀਤੇ ਜਾਣਾ, ਉਸ ਜਾਣਕਾਰੀ 'ਤੇ ਲਾਗੂ ਨਹੀਂ ਹੋਏਗਾ, ਜਿਸਦੀ ਅਸੀਂ ਪਹਿਲਾਂ ਦੇ ਅਖ਼ਤਿਆਰਨਾਮੇ ਦੇ ਅਧਾਰ 'ਤੇ ਪਹਿਲਾਂ ਹੀ ਵਰਤੋਂ ਕੀਤੀ ਹੈ ਅਤੇ ਖ਼ੁਲਾਸਾ ਕੀਤਾ ਹੈ।

ਖ਼ਾਸ ਕਾਨੂੰਨ, ਕੁਝ ਕਿਸਮ ਦੀ ਸਿਹਤ ਜਾਣਕਾਰੀ 'ਤੇ ਲਾਗੂ ਹੁੰਦੇ ਹਨ, ਜਿਹਨਾਂ ਨੂੰ ਖ਼ਾਸ ਤੌਰ 'ਤੇ ਮਰੀਜ਼ ਲਈ ਨਿਜੀ ਜਾਂ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ। ਇਸ ਸੰਵੇਦਨਸ਼ੀਲ ਜਾਣਕਾਰੀ ਵਿੱਚ ਸਾਈਕੋਥੈਰੇਪੀ ਨੋਟਸ, ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ, ਨਸ਼ੀਲੀ ਦਵਾਈ ਅਤੇ ਸ਼ਰਾਬ ਦੀ ਦੁਰਵਰਤੋਂ ਸਬੰਧੀ ਇਲਾਜ ਦੇ ਰਿਕਾਰਡ, ਮਾਨਸਿਕ ਸਿਹਤ ਰਿਕਾਰਡ ਅਤੇ HIV/AIDS ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ। ਕਾਨੂੰਨ ਵਲੋਂ ਲੋੜ ਪੈਣ 'ਤੇ, ਅਸੀਂ ਤੁਹਾਡੀ ਲਿਖਤੀ ਮੰਜ਼ੂਰੀ ਤੋਂ ਬਿਨਾ ਇਸ ਕਿਸਮ ਦੀ ਜਾਣਕਾਰੀ ਸਾਂਝੀ ਨਹੀਂ ਕਰਾਂਗੇ। ਕੁਝ ਸਥਿਤੀਆਂ ਵਿੱਚ, ਨਾਬਾਲਗ਼ ਦੀ ਸਿਹਤ ਜਾਣਕਾਰੀ ਨੂੰ ਵਾਧੂ ਸੁਰੱਖਿਆ ਦਿੱਤੀ ਜਾ ਸਕਦੀ ਹੈ।

## <u>UC DAVIS HEALTH ਦੇ ਰਾਜ਼ਦਾਰੀ ਦੇ ਕਾਨੂੰਨੀ ਵਿਹਾਰਾਂ ਅਤੇ ਇਸ ਨੋਟਿਸ ਵਿੱਚ ਤਬਦੀਲੀਆਂ</u>

ਅਸੀਂ ਕਿਸੇ ਵੀ ਸਮੇਂ ਇਸ ਨੋਟਿਸ ਦੀਆਂ ਸ਼ਰਤਾਂ ਵਿੱਚ ਤਬਦੀਲੀ ਕਰ ਸਕਦੇ ਹਾਂ ਅਤੇ ਇਹ ਤਬਦੀਲੀਆਂ, ਸਾਡੇ ਕੋਲ ਮੌਜੂਦ ਤੁਹਾਡੀ ਸਾਰੀ ਸਿਹਤ

ਜਾਣਕਾਰੀ 'ਤੇ ਲਾਗੂ ਹੋਣਗੀਆਂ। ਬੇਨਤੀ ਕਰਨ 'ਤੇ ਇਹ ਮੌਜੂਦਾ ਨੋਟਿਸ, ਸਾਡੀਆਂ ਥਾਵਾਂ ਅਤੇ ਸਾਡੀ ਵੈਬਸਾਈਟ 'ਤੇ ਉਪਲਬਧ ਹੋਏਗਾ।

**ਸੰਗਠਿਤ ਸਿਹਤ-ਸੰਭਾਲ ਪ੍ਰਬੰਧ।** UC Davis Health ਹੋਰਨਾਂ ਸਿਹਤ-ਸੰਭਾਲ ਪ੍ਰੋਵਾਈਡਰਾਂ (ਪ੍ਰਦਾਤਾਵਾਂ) ਨਾਲ ਸੰਗਠਿਤ ਸਿਹਤ-ਸੰਭਾਲ ਪ੍ਰਬੰਧ (OHCA) ਵਿੱਚ ਹਿੱਸਾ ਲੈਂਦੀ ਹੈ। OHCA ਦੇ ਅੰਦਰ, ਮੈਂਬਰ ਸੰਸਥਾਵਾਂ ਇਲਾਜ, ਭੁਗਤਾਨ ਜਾਂ OHCA ਸਬੰਧੀ ਕਾਰਜਾਂ ਲਈ ਤੁਹਾਡੀ ਸਿਹਤ ਜਾਣਕਾਰੀ ਸਾਂਝੀ ਕਰ ਸਕਦੀਆਂ ਹਨ।

## ਸਵਾਲ ਜਾਂ ਸ਼ਿਕਾਇਤਾਂ

ਜੇ ਇਸ ਨੋਟਿਸ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ (916) 734-8808 'ਤੇ UC Davis Health ਬਾਰੇ ਰਾਜ਼ਦਾਰੀ ਪ੍ਰੋਗਰਾਮ, ਪਾਲਣਾ ਅਤੇ ਰਾਜ਼ਦਾਰੀ ਸੇਵਾਵਾਂ ਬਾਰੇ ਵਿਭਾਗ ਨਾਲ ਸੰਪਰਕ ਕਰੋ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਤੁਸੀਂ UC Davis Health ਕੋਲ ਸ਼ਿਕਾਇਤ ਦਾਇਰ ਕਰ ਸਕਦੇ ਹੋ:

ਪਾਲਣਾ ਬਾਰੇ ਹਾੱਟਲਾਈਨ: (877) 384-4272

ਪੋਸਟ ਆਫਿਸ ਮੇਲ:
UC Davis Health
ਪਾਲਣਾ ਅਤੇ ਰਾਜ਼ਦਾਰੀ ਦੀਆਂ ਸੇਵਾਵਾਂ ਬਾਰੇ ਵਿਭਾਗ
Cannery Building
1651 Alhambra Blvd.
Sacramento, CA, 95816

ਤੁਸੀਂ U.S. ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ (ਸਿਹਤ ਅਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ) ਦੇ ਸਕੱਤਰ, ਆਫਿਸ ਫਾਰ ਸਿਵਲ ਰਾਈਟਸ (ਸਿਵਿਲ ਹੱਕਾਂ ਬਾਰੇ ਦਫ਼ਤਰ) ਕੋਲ ਵੀ ਸ਼ਿਕਾਇਤ ਦਾਇਰ ਕਰ ਸਕਦੇ ਹੋ। ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਡੇ ਤੋਂ ਬਦਲਾ ਨਹੀਂ ਲਿਆ ਜਾਵੇਗਾ।

**ਪ੍ਰਭਾਵੀ ਤਾਰੀਖ਼: 1 ਅਪ੍ਰੈਲ 2023**

ਵਧੀਕ ਜਾਣਕਾਰੀ

ਰਾਜ਼ਦਾਰੀ ਦੇ ਕਾਨੂੰਨੀ ਵਿਹਾਰਾਂ ਬਾਰੇ ਨੋਟਿਸ – ਹੋਰ ਭਾਸ਼ਾਵਾਂ

- ਅੰਗ੍ਰੇਜ਼ੀ
- ਸਪੈਨਿਸ਼
- ਚੀਨੀ
- ਵੀਅਤਨਾਮੀ
- ਟੈਗਲੋਗ
- ਕੋਰਿਆਈ
- ਆਰਮੇਨਿਆਈ
- ਪਰਸ਼ੀਅਨ (ਫ਼ਾਰਸੀ)
- ਰੂਸੀ
- ਜਾਪਾਨੀ
- ਅਰਬੀ
- ਪੰਜਾਬੀ
- ਮੋਨ-ਖਮੇਰ, ਕੰਬੋਡਿਆਈ
- ਹਮੌਂਗ
- ਹਿੰਦੀ
- ਥਾਈ